ਨੰ. 01/02/2024- 1ਅ.ਸ./15

**ਪੰਜਾਬ ਸਰਕਾਰ**

**ਤਨਖਾਹ ਅਨਾਮਲੀ ਕਮੇਟੀ**

**(ਅਨਾਮਲੀ ਸਾਖਾ)**

ਮਿਤੀ, ਚੰਡੀਗੜ੍ਹ: 7-10-2024

ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ, ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਸਮੂਹ ਜ਼ਿਲ੍ਹਾ ਤੇ ਸ਼ੈਸਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ, ਪੰਜਾਬ ।

ਵਿਸ਼ਾ:- **ਛੇਵੇਂ ਤਨਖਾਹ ਕਮਿਸ਼ਨ, ਪੰਜਾਬ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਨੋਟੀਫਾਈ ਕੀਤੇ ਗਏ ਸੋਧੇ ਤਨਖਾਹ ਢਾਂਚੇ ਵਿਚੋਂ ਤਰੁੱਟੀਆਂ ਦੂਰ ਕਰਨ ਬਾਰੇ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਤਨਖਾਹ ਅਨਾਮਲੀ ਕਮੇਟੀ ਵਲੋਂ ਪਹਿਲਾਂ ਜਾਰੀ ਪੱਤਰ ਨੰ. 01/02/2024-ਅ.ਸ./04 ਮਿਤੀ 29 ਅਗਸਤ 2024 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਸੋਧੇ ਤਨਖਾਹ ਢਾਂਚੇ ਵਿੱਚ ਤਰੁੱਟੀਆਂ ਦਾ ਪਤਾ ਲਗਾਉਣ ਲਈ ਇੱਕ ਪ੍ਰੋਫਾਰਮਾ ਤਿਆਰ ਕਰਕੇ ਨੱਥੀ ਕੀਤਾ ਗਿਆ ਸੀ।

2. ਇਹ ਦੇਖਣ ਵਿੱਚ ਆਇਆ ਹੈ ਕਿ ਵੱਖ-ਵੱਖ ਵਿਭਾਗਾਂ ਦੇ ਅਧੀਨ ਦਫਤਰਾਂ ਵਲੋਂ ਅਤੇ ਵਿਭਾਗਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਵਲੋਂ ਨਿੱਜੀ ਪੱਧਰ ਤੇ ਸਿੱਧੇ ਤੌਰ ਤੇ ਹੀ ਅਨਾਮਲੀ ਕਮੇਟੀ/ਅਨਾਮਲੀ ਸਾਖਾ ਨੂੰ ਅਧੂਰੇ ਪ੍ਰੋਫਾਰਮੇ ਭਰਕੇ ਹਾਰਡ ਕਾਪੀ ਅਤੇ ਈ-ਮੇਲ ਰਾਹੀਂ ਭੇਜੇ ਜਾ ਰਹੇ ਹਨ।

3. ਸੋ ਉਪਰੋਕਤ ਦੇ ਸਨਮੁੱਖ ਅਨਾਮਲੀ ਕਮੇਟੀ ਵਲੋਂ ਮਿਤੀ 29 ਅਗਸਤ 2024 ਨੂੰ ਜਾਰੀ ਪੱਤਰ ਦੀ ਲਗਾਤਾਰਤਾ ਦੇ ਹੇਠਾਂ ਦਰਸਾਏ ਨੁਕਤੇ ਸਪੱਸ਼ਟ ਕੀਤੇ ਜਾਂਦੇ ਹਨ:-

ੳ) ਅਨਾਮਲੀ ਕਮੇਟੀ ਵਲੋਂ ਮਿਤੀ 29 ਅਗਸਤ 2024 ਨੂੰ ਜਾਰੀ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਸੂਚਨਾਂ ਸੰਕਲਿਤ ਰੂਪ ਵਿੱਚ (in compiled form) ਕੇਵਲ **ਪ੍ਰਬੰਧਕੀ ਵਿਭਾਗਾਂ ਦੇ ਪੱਧਰ ਤੇ** ਹੀ ਭਰਕੇ ਭੇਜੀ ਜਾਵੇ। ਜੇਕਰ ਕਿਸੇ ਵਿਭਾਗ ਵਿੱਚ ਛੇਵੇਂ ਤਨਖਾਹ ਕਮਿਸ਼ਨ, ਪੰਜਾਬ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਨੋਟੀਫਾਈ ਕੀਤੇ ਗਏ ਸੋਧੇ ਤਨਖਾਹ ਢਾਂਚੇ ਉਪਰੰਤ **ਕੋਈ ਅਨਾਮਲੀ ਪੈਦਾ ਨਹੀਂ ਹੋਈ** ਤਾਂ ਪ੍ਰਬੰਧਕੀ ਵਿਭਾਗ ਵਲੋਂ ਪ੍ਰੋਫਾਰਮੇ ਵਿੱਚ ਸੂਚਨਾਂ ਨਾ ਭਰਦੇ ਹੋਏ ਕੇਵਲ ਇਹ ਤਸਦੀਕ ਕੀਤਾ ਜਾਵੇ ਕਿ **ਛੇਵੇਂ**

ਤਨਖਾਹ ਕਮਿਸ਼ਨ, ਪੰਜਾਬ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਨੋਟੀਫਾਈ ਕੀਤੇ ਗਏ ਸੋਧੇ ਤਨਖਾਹ ਢਾਂਚੇ ਉਪਰੰਤ ਕੋਈ ਅਨਾਮਲੀ ਪੈਦਾ ਨਹੀਂ ਹੋਈ।

ਅ) ਜੇਕਰ ਕਿਸੇ ਵਿਭਾਗ ਦੀਆਂ ਕੁੱਝ ਅਸਾਮੀਆਂ ਦੇ ਤਨਖਾਹ ਸਕੇਲਾਂ ਵਿੱਚ ਅਨਾਮਲੀ ਪੈਦਾ ਹੋਈ ਹੈ, ਤਾਂ ਕੇਵਲ ਉਹਨਾਂ ਅਸਾਮੀਆਂ ਲਈ ਹੀ ਪ੍ਰੋਫਾਰਮੇ ਵਿੱਚ ਸੂਚਨਾਂ ਭੇਜੀ ਜਾਵੇ ਅਤੇ ਨਾਲ ਹੀ ਤਸਦੀਕ ਕੀਤਾ ਜਾਵੇ ਕਿ ਇਹਨਾਂ ਅਸਾਮੀਆਂ ਤੋਂ ਇਲਾਵਾ ਕਿਸੇ ਹੋਰ ਅਸਾਮੀ/ਅਸਾਮੀਆਂ ਦੇ ਤਨਖਾਹ ਸਕੇਲਾਂ ਵਿੱਚ ਅਨਾਮਲੀ ਪੈਦਾ ਨਹੀਂ ਹੋਈ।

ੲ) ਪ੍ਰਫਾਰਮੇ ਦੇ ਲੜੀ ਨੰ. 1 ਤੋਂ 6 ਤੱਕ ਦਰਸਾਏ ਪ੍ਰਵਾਨਿਤ ਤਨਖਾਹ ਸਕੇਲਾਂ ਸਬੰਧੀ ਪੱਤਰਾਂ ਦੀ ਕਾਪੀ ਨੱਥੀ ਕਰਨੀ ਯਕੀਨੀ ਬਣਾਈ ਜਾਵੇ। ਪ੍ਰੋਫਾਰਮੇ ਦੇ ਅੰਤ ਵਿੱਚ ਦਰਸਾਏ ਗਏ ਕਾਲਮ (ਮੰਗੇ ਗਏ ਤਨਖਾਹ ਸਕੇਲ/ਪੇ-ਲੈਵਲ ਦੇ ਸਬੰਧ ਵਿੱਚ) ਸਬੰਧਤ ਵਿਭਾਗ ਦੀ ਟਿੱਪਣੀ ਵਾਲੇ ਕਾਲਮ ਵਿੱਚ ਪ੍ਰਬੰਧਕੀ ਵਿਭਾਗ, ਵਿਭਾਗ ਦੇ ਮੁਖੀ ਅਤੇ ਵਿਭਾਗ ਵਿੱਚ ਤੈਨਾਤ ਐਸ.ਏ.ਐਸ. ਕਾਡਰ ਦੇ ਅਧਿਕਾਰੀ ਦੀ ਟਿੱਪਣੀ ਵੱਖਰੇ ਵੱਖਰੇ ਰੂਪ ਵਿੱਚ ਦਰਸਾਈ ਜਾਵੇ ਅਤੇ ਵਿਭਾਗ ਦੀ ਤਜਵੀਜ਼ ਨਾਲ ਪੈਣ ਵਾਲੇ ਵਿੱਤੀ ਬੋਝ ਸਬੰਧੀ ਜਾਣਕਾਰੀ ਸਾਮਿਲ ਕੀਤੀ ਜਾਵੇ ਜੀ।

ਸ) ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਆਪਣੀ ਤਨਖਾਹ ਅਨਾਮਲੀਆਂ ਸਬੰਧੀ ਅਨਾਮਲੀ ਸਿੱਧੇ ਤੌਰ ਤੇ ਪੇਸ਼ ਕੇਸਾਂ ਦੇ ਵਿਚਾਰ ਨਹੀਂ ਕੀਤਾ ਜਾਵੇਗਾ, ਸਗੋਂ ਉਪਰੋਕਤ ਪੈਰ੍ਹਾ ੳ) ਤੋਂ ੲ) ਵਿੱਚ ਅਨੁਸਾਰ ਪ੍ਰਾਪਤ ਕੇਸਾਂ ਤੇ ਹੀ ਵਿਚਾਰ ਕੀਤਾ ਜਾਵੇਗਾ।

ਕ) ਪੰਜਾਬ ਰਾਜ ਦੇ ਵਿਭਾਗਾਂ ਅਧੀਨ ਆਉਂਦੇ ਅਰਧ ਸਰਕਾਰੀ ਅਦਾਰੇ ਜਿਵੇਂ ਕਿ ਬੋਰਡ, ਕਾਰਪੋਰੇਸ਼ਨਾਂ, ਖੁਦਮੁਖਤਿਆਰ ਅਦਾਰਿਆਂ, ਯੂਨੀਵਰਸਿਟੀਆਂ ਆਦਿ ਅਦਾਰਿਆਂ ਸਬੰਧੀ ਮਾਮਲੇ ਅਨਾਮਲੀ ਕਮੇਟੀ ਵਲੋਂ ਨਹੀਂ ਵਿਚਾਰੇ ਜਾਣਗੇ।

ਜਗਤਾਰ ਸਿੰਘ
ਸੁਪਰਡੰਟ,
(ਅਨਾਮਲੀ ਸਾਖਾ)

ਨੰ. 01/02/2024-1 ਅ.ਸ./16 ਮਿਤੀ, ਚੰਡੀਗੜ੍ਹ 7-10-24

ਉਪਰੋਕਤ ਦਾ ਇੱਕ ਉਤਾਰਾ ([illegible]) ਆਈ.ਟੀ. ਅਸਿਸਟੈਂਟ/ਦਫਤਰ ਪ੍ਰਮੁੱਖ ਸਕੱਤਰ, ਵਿੱਤ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਪੰਜਾਬ ਸਰਕਾਰ ਦੇ ਵੈੱਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ।

ਜਗਤਾਰ ਸਿੰਘ
ਸੁਪਰਡੰਟ
(ਅਨਾਮਲੀ ਸਾਖਾ)